بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 04.01.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਜਤਨ ਕਰੋ ਕਿ ਜੱਦ ਇਸ ਜਮਾਤ ਵਿੱਚ ਦਾਖ਼ਲ ਹੋਏ ਹੋ ਤਾਂ ਨੇਕ ਬਣੋ, ਮੁਤੱਕੀ (ਸੰਜਮੀ) ਬਣੋ, ਹਰ ਇਕ ਬਦੀ ਤੋਂ ਬਚੋ, ਰਾਤ ਦਿਨ ਰੱਬ ਅੱਗੇ ਮਿੰਨਤਾਂ ਕਰਦੇ ਰਹੋ, ਬੋਲੀ ਨਰਮ ਰੱਖੋ, ਇਸਤਗ਼ਫ਼ਾਰ ਨੂੰ ਆਪਣੀ ਦਿਨਚਰਜਾ ਬਣਾਓ, ਨਮਾਜ਼ਾਂ ਵਿੱਚ ਦੁਆਵਾਂ ਕਰੋ**

**ਵਕਫ਼ੇ ਜਦੀਦ ਦੇ 62ਵੇਂ ਸਾਲ ਦੇ ਅਰੰਭ ਦਾ ਬਰਕਤਾਂ ਭਰਪੂਰ ਐਲਾਨ, ਮਾਲੀ ਕੁਰਬਾਨੀ ਪੇਸ਼ ਕਰਨ ਵਾਲੇ ਜਮਾਤ ਦੇ ਲੋਕਾਂ ਦੀਆਂ ਇਮਾਨ ਵਿੱਚ ਵਾਧਾ ਕਰਨ ਵਾਲੀਆਂ ਗਲੱਾਂ ਦਾ ਵਰਨਣ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 4 ਜਨਵਰੀ 2019 ਈ. ਨੂੰ ਮਸਜਿਦ ਬੈਤੁਲ ਫ਼ਤੂਹ ਮਾਰਡਨ ਲੰਦਨ ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ 2019 ਈ. ਦਾ ਪਹਿਲਾ ਜੁਮਆ ਹੈ, ਇਸ ਕਰਕੇ ਮੈਂ ਸਾਰੀ ਦੁਨੀਆ ਦੇ ਅਹਮਦੀਆਂ ਨੂੰ ਪਹਿਲਾਂ ਤਾਂ ਨਵੇਂ ਸਾਲ ਦੀ ਮੁਬਾਰਕਬਾਦ ਦੇਣਾ ਚਾਹੁੰਦਾ ਹਾਂ । ਅਲੱਾਹ ਤਆਲਾ ਇਹ ਸਾਲ ਸਾਡੇ ਲਈ ਮੁਬਾਰਕ ਕਰੇ ਅਤੇ ਅਸੰਖ ਸਫ਼ਲਤਾਵਾਂ ਲੈਕੇ ਆਏ, ਪਰੰਤੂ ਸਾਨੂੰ ਵੀ ਚੇਤੇ ਰਖੱਣਾ ਚਾਹੀਦਾ ਹੈ ਕਿ ਕੇਵਲ ਰਸਮੀ ਜਿਹੀ ਮੁਬਾਰਕਬਾਦ ਕਹਿ ਦੇਣ ਦਾ ਕੋਈ ਲਾਭ ਨਹੀਂ ਹੈ ਨ ਹੀ ਰਸਮੀ ਜਿਹੀ ਮੁਬਾਰਕਬਾਦ ਰੱਬ ਦੀ ਰਜ਼ਾ ਹਾਸਲ ਕਰਨ ਵਾਲਾ ਬਣਾਉਂਦੀ ਹੈ । ਸਾਲ ਦੀ ਵਾਸਤਵਿਕ ਮੁਬਾਰਕਬਾਦ ਇਹ ਹੈ ਕਿ ਅਸੀਂ ਇਹ ਪ੍ਰਣ ਕਰੀਏ ਕਿ ਰੱਬ ਨੇ ਜੋ ਸਾਨੂੰ ਇਕ ਹੋਰ ਸਾਲ ਦਾ ਜੋ ਸੂਰਜ ਦਿਖਾਇਆ ਹੈ ਇਸ ਵਿੱਚ ਦਾਖ਼ਲ ਕੀਤਾ ਹੈ ਤਾਂ ਇਸ ਵਿੱਚ ਅਸੀਂ ਆਪਣੀਆਂ ਕਮਜ਼ੋਰੀਆਂ ਤੇ ਹਨ੍ਹੇਰਿਆਂ ਨੂੰ ਦੂਰ ਕਰਨ ਦਾ ਜਤਨ ਕਰੀਏ । ਬੀਤੇ ਸਾਲ ਜੋ ਕਮੀਆਂ ਤੇ ਉਣਤਾਈਆਂ ਹੋ ਗਈਆਂ ਹਨ ਅਸੀਂ ਪ੍ਰਣ ਕਰੀਏ ਕਿ ਅਸੀਂ ਉਹਨਾਂ ਨੂੰ ਦੂਰ ਕਰਾਂਗੇ । ਅਸੀਂ ਆਪਣੇ ਅੰਦਰ ਪਹਿਲਾਂ ਤੋਂ ਵਧੱਕੇ ਪਾਕ ਪਰਿਵਰਤਨ ਪੈਦਾ ਕਰਨ ਦਾ ਜਤਨ ਕਰਾਂਗੇ ਜਿਸਦੀ ਪ੍ਰਾਪਤੀ ਲਈ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਬੈਅਤ (ਦੀਖਿਅਤ ਹੋਣ) ਦਾ ਪ੍ਰਣ ਕੀਤਾ ਹੈ । ਹਜ਼ਰਤ ਮਸੀਹ ਮੌਊਦ

ਅਲੈਹਿ ਸਲਾਮ ਇਕ ਮੌਕੇ ਇਹ ਦਸੱਦਿਆਂ ਹੋਇਆ ਕਿ ਇਕ ਅਹਮਦੀ ਕਿਹੋ ਜਿਹਾ ਹੋਣਾ ਚਾਹੀਦਾ ਹੈ ਫ਼ਰਮਾਇਆ ਕਿ ਜਤਨ ਕਰੋ ਕਿ ਜੱਦ ਇਸ ਜਮਾਤ ਵਿੱਚ ਦਾਖ਼ਲ ਹੋਏ ਹੋ ਤਾਂ ਨੇਕ ਬਣੋ, ਮੁਤੱਕੀ (ਸੰਜਮੀ) ਬਣੋ, ਹਰ ਇਕ ਬਦੀ ਤੋਂ ਬਚੋ, ਦਿਨ ਰਾਤ ਰੱਬ ਦੀਆ ਮਿੰਨਤਾ ਵਿੱਚ ਲੱਗੇ ਰਹੋ, ਬੋਲੀ ਨੂੰ ਨਰਮ ਰੱਖੋ, ਇਸਤਗ਼ਫ਼ਾਰ ਨੂੰ ਆਪਣੀ ਦਿਨਚਰਜਾ ਬਣਾਓ, ਨਮਾਜ਼ਾਂ ਵਿੱਚ ਦੁਆਵਾਂ ਕਰੋ, ਨਮਾਜ਼ਾਂ ਵਿੱਚ ਦੁਆਵਾਂ ਫਿਰ ਹੀ ਹੋਣਗੀਆਂ ਜੱਦ ਨਮਾਜ਼ਾਂ ਦੇ ਹੱਕ ਪੂਰੇ ਕਰਨ ਵਾਲੇ ਬਣੋਂਗੇ ਅਤੇ ਸੁਆਰਕੇ ਪੜ੍ਹਨ ਵਾਲੇ ਹੋਵੋਂਗੇ । ਰੱਬ ਕੇਵਲ ਗਲੱਾਂ ਨਾਲ ਰਾਜ਼ੀ ਨਹੀਂ ਹੁੰਦਾ । ਕੁਰਆਨ ਸ਼ਰੀਫ਼ ਵਿੱਚ ਰੱਬ ਨੇ ਇਮਾਨ ਦੇ ਨਾਲ ਨਾਲ ਨੇਕ ਕਰਮ ਵੀ ਰੱਖਿਆ ਹੈ, ਨੇਕ ਕਰਮ ਉਸਨੂੰ ਆਖਦੇ ਹਨ ਜਿਸ ਵਿੱਚ ਰਤਾ ਭਰ ਵੀ ਦਿਖਾਵਾ ਨ ਹੋਵੇ । ਸੋ, ਇਹ ਮਿਆਰ ਹੈ, ਇਹ ਸਿਲੇਬਸ ਹੈ ਜਿਸ'ਤੇ ਅਸੀਂ ਇਸ ਸਾਲ ਅਮਲ ਕਰਨ ਵਾਲੇ ਹੋਵਾਂਗੇ, ਇਹਨਾਂ ਗਲੱਾਂ ਦੀ ਪ੍ਰਾਪਤੀ ਲਈ ਆਪਣੀਆਂ ਸਾਰੀਆਂ ਸ਼ਕਤੀਆਂ ਦੀ ਵਰਤੋਂ ਕਰਾਂਗੇ ਤਾਂ ਨਿਸ਼ਚੇ ਹੀ ਇਹ ਸਾਲ ਸਾਡੇ ਲਈ ਮੁਬਾਰਕ ਤੇ ਬਹੁਤ ਸਾਰੀਆਂ ਬਰਕਤਾਂ ਲਿਆਉਣ ਵਾਲਾ ਸਾਲ ਹੋਵੇਗਾ ਅਤੇ ਜੇਕਰ ਨਹੀਂ ਤਾਂ ਜਿਵੇਂ ਕਿ ਮੈਂ ਕਿਹਾ ਸਾਡੇ ਲਈ ਨਵੇਂ ਸਾਲ ਦੀ ਮੁਬਾਰਕਬਾਦ ਰਸਮੀ ਮੁਬਾਰਕਬਾਦ ਹੈ । ਨਵੇਂ ਸਾਲ ਦੇ ਅਰੰਭ ਦੀ ਪਹਿਲੀ ਰਾਤ ਵਿੱਚ ਤਹਜੁੱਦ ਅਤੇ ਜਮਾਤ ਨਾਲ ਨਮਾਜ਼ ਪੜ੍ਹ ਲੈਂਣਾ ਸਾਰੇ ਸਾਲ ਦੀਆਂ ਨੇਕੀਆਂ ਉਪੱਰ ਭਾਰੂ ਨਹੀਂ ਹੋ ਜਾਂਦਾ ਸਗੋਂ ਇਸ ਜਤਨ ਨੂੰ ਜਿੱਥੋਂ ਤੱਕ ਸੰਭਵ ਹੋ ਸਕੇ ਸਾਰਾ ਸਾਲ ਜਾਰੀ ਰਖੱਣਾ ਅਸਲ ਨੇਕੀ ਹੈ । ਅਲੱਾਹ ਤਆਲਾ ਸਾਨੂੰ ਇਸ ਦੀ ਤੌਫ਼ੀਕ ਪ੍ਰਦਾਨ ਕਰੇ ਅਤੇ ਹਕੀਕਤ ਵਿੱਚ ਸਾਡੇ ਵਿਅਕਤੀਗਤ ਜੀਵਨ ਵਿੱਚ ਵੀ ਇਹ ਸਾਲ ਅਸੰਖ ਬਰਕਤਾਂ ਲਿਆਉਣ ਵਾਲਾ ਬਣੇ ਅਤੇ ਜਮਾਤ ਦੀਆਂ ਅਸਾਧਾਰਣ ਤਰੱਕੀਆਂ ਵੀ ਅਸੀਂ ਦੇਖਣ ਵਾਲੇ ਹੋਈਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਸ ਦੇ ਬਾਦ ਹੁਣ ਮੈਂ ਅੱਜ ਦੂਜੇ ਵਿਸ਼ੇ ਵੱਲ ਆਉਂਦਾ ਹਾਂ । ਜਨਵਰੀ ਦੇ ਪਹਿਲੇ ਜਾਂ ਦੂਜੇ ਖ਼ੁਤਬੇ ਵਿੱਚ ਸਾਧਾਰਣ ਤੌਰ'ਤੇ ਵਕਫ਼ੇ ਜਦੀਦ ਦੇ ਨਵੇਂ ਸਾਲ ਦਾ ਐਲਾਨ ਹੁੰਦਾ ਹੈ । ਰੱਬ ਦੀ ਮਿਹਰ ਨਾਲ ਆਰਥਕ ਕੁਰਬਾਨੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਜਮਾਤ ਦਾ ਇਕ ਵਿਸ਼ੇਸ਼ ਖ਼ਾਸਾ ਹੈ ਅਤੇ ਕਿਉਂ ਨ ਹੋਵੇ ਕਿ ਇਸ ਜੁੱਗ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਕੁਰਆਨ ਕਰੀਮ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਆਦੇਸ਼ਾਂ ਤੇ ਫ਼ਰਮਾਨਾ ਦੇ ਚਾਨ੍ਹਣੇ ਵਿੱਚ ਇਸ ਆਰਥਕ ਕੁਰਬਾਨੀ ਦਾ ਵਿਸ਼ੇਸ਼ ਗੁਣ ਸਾਨੂੰ ਪ੍ਰਦਾਨ ਕੀਤਾ ਹੈ । ਕੁਰਆਨ ਕਰੀਮ ਵਿੱਚ ਅਨੇਕਾਂ ਥਾਈਂ ਰੱਬ ਦੇ ਮਾਰਗ ਵਿੱਚ ਖਰਚ ਕਰਨ ਵੱਲ ਧਿਆਨ ਦੁਆਇਆ ਹੈ ਇਸ ਲਈ ਨਹੀਂ ਕਿ ਰੱਬ ਨੂੰ ਸਾਡੇ ਧੰਨ ਮਾਲ ਦੀ ਲੋੜ ਹੈ ਸਗੋਂ ਇਸ ਲਈ ਇਸ ਨਾਲ ਸਾਨੂੰ ਲਾਭ ਪਹੁੰਚਦਾ ਹੈ ਅਤੇ ਜਮਾਤ ਨੂੰ ਵੀ ਲਾਭ ਪਹੁੰਚਦਾ ਹੈ । ਅਲੱਾਹ ਤਆਲਾ ਕੁਰਆਨ ਕਰੀਮ ਵਿੱਚ ਫ਼ਰਮਾਉਂਦਾ ਹੈ :

اِنۡ تُقۡرِضُوا اللّٰہَ قَرۡضًا حَسَنًا یُّضٰعِفۡہُ لَکُمۡ وَ یَغۡفِرۡ لَکُمۡ ؕ وَ اللّٰہُ شَکُوۡرٌ حَلِیۡمٌ

ਅਰਥਾਤ ਜੇਕਰ ਤੁਸੀਂ ਰੱਬ ਨੂੰ ਚੰਗਾ ਕਰਜ਼ਾ ਦਿਓਗੇ ਤਾਂ ਉਹ ਉਸ ਨੂੰ ਤੁਹਾਡੇ ਲਈ ਵਧਾ ਦੇਵੇਗਾ ਅਤੇ ਤੁਹਾਨੂੰ ਬਖ਼ਸ਼ ਦੇਵੇਗਾ ਅਤੇ ਅਲੱਾਹ ਬਹੁਤ ਹੀ ਕਦਰਾਂ ਕੀਮਤਾਂ ਵਾਲਾ ਤੇ ਸਹਿਨਸ਼ੀਲ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਰੱਬ ਵਧਾ ਚੜ੍ਹਾਕੇ ਦਿੰਦਾ ਹੈ ਜੋ ਉਸ ਦੇ ਮਾਰਗ ਵਿੱਚ ਖਰਚ ਕਰਦਾ ਹੈ । ਇਸ ਆਰਥਕ ਕੁਰਬਾਨੀ ਨਾਲ ਵਿਅਕਤੀਗੱਤ ਲਾਭ ਵੀ ਹੁੰਦਾ ਹੈ ਅਤੇ ਜਮਾਤ ਵੀ ਤਰੱਕੀ ਕਰਦੀ ਹੈ ਜੋ ਫਿਰ ਜਮਾਤ ਦੇ ਲੋਕਾਂ ਦੀ ਤਰੱਕੀ ਦਾ ਵੀ ਸਬਬ ਬਣਦੀ ਹੈ । ਇਸੇ ਪ੍ਰਕਾਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਬੁਖ਼ਲ (ਕੰਜੂਸੀ) ਤੋਂ ਬਚੋ ਇਹ ਬੁਖ਼ਲ ਹੀ ਹੈ ਜਿਸ ਦੇ ਪਹਿਲੀਆਂ ਕੌਮਾਂ ਨੂੰ ਹਲਾਕ ਕੀਤਾ । ਇਸ ਪ੍ਰਕਾਰ ਆਪ ਸਲਲੱਾਹੁ ਅਲੈਹਿ ਵਸਲਮ ਨੇ ਇਕ ਮੌਕੇ ਫ਼ਰਮਾਇਆ ਕਿ ਅੱਗ ਤੋਂ ਬਚੋ

ਬੇਸ਼ਕ ਅੱਧੀ ਖਜੂਰ ਖਰਚ ਕਰਨ ਦੀ ਸ਼ਕਤੀ ਹੋਵੇ । ਫ਼ਰਮਾਇਆ : ਸਾਧਾਰਣ ਖਰਚ ਵੀ ਰੱਬ ਦੇ ਮਾਰਗ ਵਿੱਚ ਅਤੇ ਰੱਬ ਦੀ ਰਜ਼ਾ ਹਾਸਲ ਕਰਨ ਲਈ ਦੇਣਾ ਅੱਗ ਤੋਂ ਬਚਾਉਂਦਾ ਹੈ । ਸੋ ਇਹ ਆਰਥਕ ਮੁਰਬਾਨੀਆਂ ਸਾਨੂੰ ਲਾਭ ਪਹੁੰਚਾਉਣ ਲਈ ਹਨ । ਇਸ ਆਰਥਕ ਕੁਰਬਾਨੀ ਦੀ ਮਹਤੱਾ ਵੱਲ ਧਿਆਨ ਦੁਆਉਂਦਿਆਂ ਹੋਇਆਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ :

ਤੁਹਾਡੇ ਲਈ ਸੰਭਵ ਨਹੀਂ ਹੈ ਕਿ ਧੰਨ ਮਾਲ ਨਾਲ ਵੀ ਪ੍ਰੇਮ ਕਰੋ ਅਤੇ ਰੱਬ ਨਾਲ ਵੀ, ਕੇਵਲ ਇਕ ਨਾਲ ਪ੍ਰੇਮ ਕਰ ਸਕਦੇ ਹੋ । ਸੋ, ਖ਼ੁਸ਼ਕਿਸਮਤ ਹੈ ਉਹ ਵਿਅਕਤੀ ਜੋ ਰੱਬ ਨਾਲ ਪ੍ਰੇਮ ਕਰੇ ਅਤੇ ਜੇਕਰ ਤੁਹਾਡੇ ਵਿੱਚੋਂ ਕੋਈ ਰੱਬ ਨੂੰ ਪ੍ਰੇਮ ਕਰੇ ਤੇ ਉਸ ਦੇ ਮਾਰਗ ਵਿੱਚ ਧੰਨ ਖਰਚ ਕਰੇਗਾ ਤਾਂ ਮੈਂ ਵਿਸ਼ਵਾਸ ਰਖੱਦਾ ਹਾਂ ਕਿ ਉਸਦੇ ਮਾਲ ਵਿੱਚ ਵੀ ਦੂਜਿਆਂ ਦੀ ਤੁਲਨਾ ਵਿੱਚ ਬਹੁਤੀ ਬਰਕਤ ਦਿੱਤੀ ਜਾਵੇਗੀ ਕਿਉਂਕਿ ਮਾਲ ਆਪਣੇ ਆਪ ਨਹੀਂ ਆਉਂਦਾ ਸਗੋਂ ਰੱਬ ਦੇ ਨਿਸ਼ਚੇ ਨਾਲ ਆਉਂਦਾ ਹੈ, ਸੋ, ਜੋ ਵਿਅਕਤੀ ਰੱਬ ਲਈ ਕੁਝ ਹਿਸੱਾ ਮਾਲ ਦਾ ਛਡੱਦਾ ਹੈ, ਉਹ ਉਸ ਨੂੰ ਜ਼ਰੂਰ ਹਾਸਲ ਕਰੇਗਾ ਪਰ ਜੋ ਵਿਅਕਤੀ ਧੰਨ ਮਾਲ ਨਾਲ ਪ੍ਰੇਮ ਕਰੇ, ਰੱਬ ਦੇ ਮਾਰਗ ਵਿੱਚ ਉਹ ਸੇਵਾ ਬਜਾ ਨਹੀਂ ਲਿਆਉਂਦਾ ਜੋ ਬਜਾ ਲਿਆਉਂਣੀ ਚਾਹੀਦੀ ਹੈ ਤਾਂ ਉਹ ਜ਼ਰੂਰ ਉਸ ਮਾਲ ਨੂੰ ਗਵਾਏਗਾ । ਇਹ ਵਿਚਾਰ ਨ ਕਰੋ ਕਿ ਧੰਨ ਮਾਲ ਤੁਹਾਡੇ ਜਤਨਾ ਨਾਲ ਆਉਂਦਾ ਹੈ ਸਗੋਂ ਰੱਬ ਵੱਲੋਂ ਆਉਂਦਾ ਹੈ ਅਤੇ ਇਹ ਵਿਚਾਰ ਨ ਕਰੋ ਕਿ ਤੁਸੀਂ ਕੋਈ ਹਿਸੱਾ ਮਾਲ ਦਾ ਦੇਕੇ ਜਾਂ ਕਿਸੇ ਹੋਰ ਰੂਪ ਵਿੱਚ ਕੋਈ ਸੇਵਾ ਬਜਾ ਲਿਆਕੇ ਰੱਬ ਅਤੇ ਉਸਦੇ ਭੇਜੇ ਹੋਏ ਉਪੱਰ ਕੋਈ ਉਪਕਾਰ ਕਰਦੇ ਹੋ ਸਗੋਂ ਇਹ ਉਸ ਦਾ ਉਪਕਾਰ ਹੈ ਕਿ ਤੁਹਾਨੂੰ ਇਸ ਸੇਵਾ ਲਈ ਬੁਲਾਉਂਦਾ ਹੈ । ਤੁਸੀਂ ਨਿਸ਼ਚੇ ਜਾਣੋ ਕਿ ਇਹ ਕੰਮ ਆਕਾਸ਼ ਤੋਂ ਹੈ ਅਤੇ ਤੁਹਾਡੀ ਸੇਵਾ ਕੇਵਲ ਤੁਹਾਡੀ ਭਲਾਈ ਲਈ ਹੈ ।

ਰੱਬ ਦੀ ਮਿਹਰ ਨਾਲ ਕੁਰਬਾਨੀਆਂ ਤੇ ਸੇਵਾ ਦੀ ਇਸ ਆਤਮਾ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਵਿੱਚ ਆਉਣ ਵਾਲਿਆਂ ਨੇ ਸਮਝਿਆ ਅਤੇ ਖ਼ੂਬ ਜਾਣਿਆ ਅਤੇ ਵਧੱ ਚੜ੍ਹਕੇ ਕੁਰਬਾਨੀਆਂ ਵੱਲ ਧਿਆਨ ਦਿੰਦੇ ਹਨ । ਨ ਕੇਵਲ ਇਹ ਕਿ ਜੋ ਇਕ ਲੰਮੇ ਸਮੇਂ ਤੋਂ ਅਹਮਦੀਅਤ ਪਰਵਾਨ ਕੀਤੇ ਹੋਏ ਹਨ ਸਗੋਂ ਨਵੇਂ ਅਹਮਦੀ ਹੋਣ ਵਾਲੇ ਵੀ ਬੈਅਤ ਕਰਨ ਦੇ ਬਾਦ ਇਸ ਮਾਲੀ ਕੁਰਬਾਨੀ ਦੀ ਰੂਹ ਤੇ ਹਕੀਕਤ ਨੂੰ ਸਮਝਦੇ ਹਨ । ਅਜਿਹੇ ਵੀ ਹਨ ਜੋ ਅਤਿਅੰਤ ਗ਼ਰੀਬੀ ਵਿੱਚ ਜੀਵਨ ਲੰਘਾ ਰਹੇ ਹਨ ਪਰ ਕੁਰਬਾਨੀਆਂ ਵਿੱਚ ਕਿਸੇ ਤੋਂ ਪਿੱਛੇ ਨਹੀਂ ਰਹਿਣਾ ਚਾਹੁੰਦੇ ਅਤੇ ਉਸੇ ਪ੍ਰਕਾਰ ਕੁਰਬਾਨੀਆਂ ਕਰਦੇ ਹਨ ਜਿਵੇਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸਮੇਂ ਆਪ ਦੇ ਸਹਾਬਾ ਨੇ ਕੀਤੀਆਂ । ਕੁਝ ਅਜਿਹੇ ਨਮੂਨੇ ਵੀ ਹਨ ਅਤੇ ਜਿੰਨ੍ਹਾ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਉਸ ਸਮੇਂ ਫ਼ਰਮਾਇਆ ਸੀ ਕਿ ਮੈਂ ਆਪਣੀ ਜਮਾਤ ਦੇ ਪ੍ਰੇਮ ਤੇ ਨੇਕੀ ਉਪੱਰ ਹੈਰਾਨੀ ਕਰਦਾ ਹਾਂ ਕਿ ਇਹਨਾਂ ਵਿੱਚ ਅਤਿਅੰਤ ਘੱਟ ਆਮਦਨੀ ਵਾਲੇ ਹਨ ਫਿਰ ਆਪ ਨੇ ਉਧਾਰਣ ਦਿੱਤੀ, ਫ਼ਰਮਾਇਆ ਜਿਵੇਂ ਮੀਆਂ ਜਮਾਲਦੀਨ ਅਤੇ ਖ਼ੈਰਦੀਨ ਹਨ ਅਤੇ ਇਮਾਮਦੀਨ ਕਸ਼ਮੀਰੀ ਹਨ । ਫ਼ਰਮਾਇਆ ਕਿ ਇਹ ਮੇਰੇ ਨੇੜੇ ਦੇ ਪਿੰਡ ਦੇ ਰਹਿਣ ਵਾਲੇ ਹਨ, ਇਹ ਤਿੰਨੇ ਭਰਾ ਜੋ ਸ਼ਾਇਦ ਤਿੰਨ ਚਾਰ ਆਨੇ ਪ੍ਰਤੀਦਿਨ ਮਜ਼ਦੂਰੀ ਕਰਦੇ ਹਨ, ਸਰਗਰਮੀ ਨਾਲ ਚੰਦੇ ਦਿੰਦੇ ਹਨ, ਚੰਦੇ ਵਿੱਚ ਸ਼ਾਮਲ ਹਨ ।

ਹਜ਼ੂਰ ਪੁਰ ਨੂਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਦੁਨੀਆ ਭਰ ਦੀਆਂ ਜਮਾਤਾਂ ਵਿੱਚੋਂ ਮਾਲੀ ਕੁਰਬਾਨੀਆਂ ਦੀਆਂ ਕੁਝ ਅਤਿਅੰਤ ਇਮਾਨ ਵਧਾਉਣ ਵਾਲੀਆਂ ਗਲੱਾਂ ਸੁਣਾਈਆਂ । ਫ਼ਰਮਾਇਆ ਘਾਨਾ ਦੇ ਇਕ ਮਿਤੱਰ ਹਨ ਰੰਗ ਪੋਂਗ ਸਾਹਬ ਕਹਿੰਦੇ ਹਨ ਕਿ ਕੁਝ ਸਾਲ ਪਹਿਲਾਂ ਮੈਂ ਆਪਣੀ ਸਿੱਖਿਆ ਲਈ ਪੰਜ ਹਜ਼ਾਰ ਪਾਉਂਡ ਫ਼ੀਸ ਜਮਾ ਕਰਨੀ ਸੀ, ਉਸ ਸਮੇਂ ਮੈਂ ਕੰਮ ਵੀ ਕਰ ਰਿਹਾ ਸੀ, ਪਰ ਮੇਰੀ ਤਨਖ਼ਵਾਹ ਐਨ੍ਹੀ ਨਹੀਂ ਸੀ, ਜੇਕਰ ਮੈਂ ਬਾਰ੍ਹਾਂ ਮਹੀਨਿਆ ਦੀ ਤਸਖ਼ਵਾਹ ਵੀ ਇਕੱਠੀ ਕਰ ਲੈਂਦਾ ਤਾਂ ਐਨ੍ਹੀ ਰਕਮ ਨਹੀਂ ਬਣਦੀ ਸੀ,

ਬਹਿਰਹਾਲ ਮੈਂਨੂੰ ਬੈਂਕ ਤੋਂ ਤਿੰਨ ਹਜ਼ਾਰ ਪਾਉਂਡ ਕਰਜ਼ਾ ਮਿਲ ਗਿਆ ਅਤੇ ਮੇਰੀ ਤਨਖ਼ਵਾਹ ਦਾ ਚਾਲ੍ਹੀ ਪ੍ਰਤੀਸ਼ਤ ਹਰ ਮਹੀਨੇ ਕਰਜ਼ੇ ਦੀ ਅਦਾਇਗੀ ਲਈ ਚਲਾ ਜਾਂਦਾ ਪਰ ਮੈਂ ਚੰਦਾ ਵੀ ਪੂਰੀ ਤਨਖ਼ਵਾਹ ਉਪੱਰ ਅਦਾ ਕਰਦਾ ਸੀ ਇਹ ਪਰਵਾਹ ਨਹੀਂ ਕਿ ਕਿ ਚਾਲ੍ਹੀ ਪ੍ਰਤੀਸ਼ਤ ਚਲਾ ਜਾਂਦਾ ਹੈ, ਕਹਿੰਦੇ ਹਨ ਇਕ ਦਿਨ ਮੈਂ ਕਮਾਸੀ ਮਿਸ਼ਨ ਹਾਊਸ ਗਿਆ । ਤਾਂ ਸਰਕਟ ਮਿਸ਼ਨਰੀ ਨੇ ਮੇਰੇ ਵਕਫ਼ੇ ਜਦੀਦ ਦੇ ਵਾਦੇ ਦੇ ਹਵਾਲੇ ਨਾਲ ਯਾਦਹਾਨੀ ਕਰਵਾਈ । ਉਸ ਸਮੇਂ ਮੈਂ ਜੇਬ ਵਿੱਚ ਹੱਥ ਪਾਇਆ ਤਾਂ ਮੇਰੇ ਵਾਦੇ ਅਨੁਸਾਰ ਰਕਮ ਮੌਜੂਦ ਸੀ ਪਰ ਮੈਂ ਸੋਚਿਆ ਕਿ ਜੇਕਰ ਇਹ ਰਕਮ ਚੰਦੇ ਵਿੱਚ ਅਦਾ ਕਰ ਦਿੱਤੀ ਤਾਂ ਮੇਰੇ ਕੋਲ ਜਾਬ ਉਪੱਰ ਜਾਣ ਲਈ ਬਾਕੀ ਦਿਨਾਂ ਲਈ ਕਿਰਾਏ ਦੇ ਪੈਸੇ ਵੀ ਨਹੀਂ ਬਚਣਗੇ । ਕਹਿੰਦੇ ਹਨ, ਬਹਿਰਹਾਲ ਮੈਂ ਉਹ ਰਕਮ ਉਸੇ ਸਮੇਂ ਚੰਦੇ ਵਿੱਚ ਅਦਾ ਕਰ ਦਿੱਤੀ । ਮੈਂ ਮਿਸ਼ਨ ਹਾਊਸ ਤੋਂ ਘਰ ਵਾਪਸ ਜਾ ਰਿਹਾ ਸੀ ਕਿ ਫ਼ੋਨ ਉਪੱਰ ਮੈਸੇਜ ਆਇਆ ਕਿ ਮੇਰੇ ਬੈਂਕ ਅਕਾਊਂਟ ਵਿੱਚ ਕੁਝ ਰਕਮ ਆਈ ਹੈ ਜੋ ਉਸ ਤੋਂ ਪੰਜ ਗੁਣਾ ਵੱਧ ਸੀ ਜੋ ਮੈਂ ਚੰਦੇ ਵਿੱਚ ਦਿੱਤੀ ਸੀ । ਕਹਿੰਦੇ ਹਨ ਮੈਂ ਸੋਚਿਆ ਕਿ ਸ਼ਾਇਦ ਬੈਂਕ ਵੱਲੋਂ ਗ਼ਲਤੀ ਨਾਲ ਰਕਮ ਆ ਗਈ ਹੋਵੇ ਜੋ ਬਾਦ ਵਿੱਚ ਵਾਪਸ ਲੈ ਲੈਂਣਗੇ ਕਿਉਂਕਿ ਤਨਖ਼ਵਾਹ ਤਾਂ ਪਹਿਲਾਂ ਹੀ ਮੇਰੇ ਅਕਾਊਂਟ ਵਿੱਚ ਆ ਚੁੱਕੀ ਸੀ, ਪਰ ਜੱਦ ਮੈਂ ਅਗਲੇ ਦਿਨ ਕੰਮ'ਤੇ ਗਿਆ ਤਾਂ ਪਤਾ ਲਗੱਾ ਕਿ ਸਰਕਾਰ ਵੱਲੋਂ ਇਹ ਰਕਮ ਮਿਲੀ ਸੀ ਜੋ ਬੀਤੇ ਮਹੀਨਿਆ ਦੇ ਬਕਾਏ ਸਨ । ਇਸ'ਤੇ ਮੈਂ ਰੱਬ ਦਾ ਸ਼ੁਕਰਾਨਾ ਕੀਤਾ ਕਿ ਰੱਬ ਨੇ ਮੈਂਨੂੰ ਖ਼ੌਫ਼ ਹੁੰਦਿਆਂ ਹੋਇਆਂ ਵੀ ਚੰਦੇ ਦੀ ਰਕਮ ਅਦਾ ਕਰਨ ਦੀ ਹਿਮੱਤ ਦਿੱਤੀ । ਇਸ ਦਿਨ ਦੇ ਬਾਦ ਫਿਰ ਮੈਂ ਹਮੇਸ਼ਾ ਆਪਣੇ ਵਾਦੇ ਅਤੇ ਚੰਦਿਆਂ ਦੀ ਅਦਾਇਗੀ ਵੱਲ ਬਹੁਤ ਧਿਆਨ ਦਿੰਦਾ ਹਾਂ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇੰਡੀਆ ਤੋਂ ਇੰਸਪੈਕਟਰ ਇਕਬਾਲ ਸਾਹਬ ਲਿਖੱਦੇ ਹਨ ਕਿ ਕਾਮਾ ਰੈਡੀ ਜਮਾਤ ਵਿੱਚ ਵਕਫ਼ੇ ਜਦੀਦ ਦੇ ਹਵਾਲੇ ਨਾਲ ਤਹਿਰੀਕ ਕੀਤੀ ਗਈ ਇਕ ਜਵਾਨ ਨੇ ਉਸੇ ਸਮੇਂ ਆਪਣੇ ਪੂਰੇ ਚੰਦੇ ਦੀ ਅਦਾਇਗੀ ਕਰ ਦਿੱਤੀ । ਇਸ ਦੇ ਬਾਦ ਉਸੇ ਦਿਨ ਉਹਨਾਂ ਨੂੰ ਇਕ ਮੋਟੀ ਰਕਮ ਮਿਲਣ ਦੀ ਸੂਚਨਾ ਮਿਲੀ ਜਿਸ ਦੀ ਉਹ ਅੱਠ ਸਾਲ ਤੋਂ ਵੱਧ ਸਮੇਂ ਤੋਂ ਉਡੀਕ ਕਰ ਰਹੇ ਸਨ, ਸਗੋਂ ਐਨ੍ਹਾ ਸਮਾਂ ਲੰਘ ਗਿਆ ਸੀ ਕਿ ਉਹਨਾਂ ਨੇ ਰਕਮ ਮਿਲਣ ਦੀ ਆਸ ਵੀ ਛੱਡ ਦਿੱਤੀ ਸੀ । ਨ ਕੇਵਲ ਉਹਨਾਂ ਨੂੰ ਮਿਲੀ ਸਗੋਂ ਉਹਨਾਂ ਦੀ ਅਰਜ਼ੀ ਮੁਲਾਜ਼ਮਤ ਪੱਕੀ ਹੋ ਗਈ । ਇਸ'ਤੇ ਉਹ ਬਹੁਤ ਖ਼ੁਸ਼ ਹੋਏ ਅਤੇ ਕਹਿਣ ਲੱਗੇ ਕਿ ਇਹ ਕੇਵਲ ਤੇ ਕੇਵਲ ਰੱਬ ਦੇ ਮਾਰਗ ਵਿੱਚ ਖ਼ਰਚ ਕਰਨ ਕਰਕੇ ਚਮਤਕਾਰ ਹੋਇਆ ਹੈ ਅਤੇ ਹੁਣ ਉਹ ਕਹਿੰਦੇ ਹਨ ਮੈਂ ਹਰ ਸਾਲ ਅਪਣੀ ਪੰਦਰਾਂ ਦਿਨਾਂ ਦੀ ਆਮਦਨ ਵਕਫ਼ੇ ਜਚਦੀਦ ਦੇ ਚੰਦਿਆਂ ਵਿੱਚ ਦਿਆ ਕਰਾਂਗਾ ।

ਰੋਮਾਨੀਆਂ ਦੇ ਮੁਬਲੱਗ਼ ਫ਼ਹੀਮ ਸਾਹਬ ਲਿਖੱਦੇ ਹਨ ਕਿ ਇਕ ਅਹਮਦੀ ਜੋ ਟੇਲਰਿੰਗ ਦਾ ਕੰਮ ਕਰਦੇ ਹਨ ਚੰਦੇ ਦੀ ਅਦਾਇਗੀ ਵਿੱਚ ਬਹੁਤ ਬਕਾਇਦਾ ਹਨ ਤੇ ਬਹੁਤ ਖ਼ੁਸ਼ੀ ਤੇ ਸ਼ਰਧਾ ਨਾਲ ਚੰਦਾ ਦਿੰਦੇ ਹਨ । ਉਹਨਾਂ ਨੂੰ ਚੰਦਾ ਦੇਣ ਲਈ ਕਦੇ ਯਾਦਹਾਨੀ ਕਰਾਉਣ ਦੀ ਲੋੜ ਨਹੀਂ ਪਈ । ਉਹ ਕਹਿੰਦੇ ਹਨ ਕਿ ਰੱਬ ਦੀ ਮਿਹਰ ਨਾਲ ਜੱਦ ਤੋਂ ਮੈਂ ਚੰਦਾ ਦੇਣਾ ਸ਼ੁਰੂ ਕੀਤਾ ਹੈ ਇਹ ਗੱਲ ਮੇਰੇ ਅਨੁਭਵ ਵਿੱਚ ਆਈ ਹੈ ਕਿ ਰੱਬ ਦੀ ਰਜ਼ਾ ਲਈ ਚੰਦੇ ਦੇਣ ਦੇ ਨਾਲ ਮੇਰੇ ਗ੍ਰਾਹਕਾਂ ਦੀ ਗਿਣਤੀ ਵਧੀ ਹੈ । ਆਮਦਨੀ ਵਿੱਚ ਰੱਬ ਦੀ ਵਿਸ਼ੇਸ਼ ਮਿਹਰ ਹੁੰਦੀ ਹੈ । ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਇਹ ਲੋਕ ਹਨ ਜਿੰਨ੍ਹਾ ਨੂੰ ਯੂਰੋਪੀਯਨ ਦੇਸ਼ਾਂ ਵਿੱਚ ਰਹਿੰਦਿਆਂ ਹੋਇਆਂ ਵੀ ਦੁਨੀਆਦਾਰੀ ਵਿੱਚ ਜੀਵਨ ਲੰਘਾਉਂਦਿਆਂ ਹੋਇਆ ਵੀ ਅਹਮਦੀਅਤ ਵੱਲ ਲੈ ਆਇਆ ਅਤੇ ਉਹਨਾਂ ਨੂੰ ਆਪਣੀ ਮਿਹਰ ਨਾਲ ਨਿਵਾਜ਼ਕੇ ਇਮਾਨ ਦੀ ਪੱਕਿਆਈ ਵੀ ਪ੍ਰਦਾਨ ਕਰ ਰਿਹਾ ਹੈ ।

ਇੰਡੀਆ ਤੋਂ ਇੰਸਪੈਕਟਰ ਸਲੀਮ ਸਾਹਬ ਲਿਖੱਦੇ ਹਨ ਕਿ ਜਮਾਤ ਜੈਪੁਰ ਵਿੱਚ ਇਕ ਅਹਮਦੀ ਮਿਤੱਰ ਜੋ ਇਕ ਪ੍ਰਾਈਵੇਟ ਸਕੂਲ ਵਿੱਚ ਟੀਚਰ ਸਨ, ਬੀਤੇ ਸਾਲ ਉਹਨਾਂ ਨੂੰ ਵਕਫ਼ੇ ਜਦੀਦ ਦੇ ਚੰਦੇ ਦੀ ਤਹਿਰੀਕ ਕੀਤੀ

ਗਈ ਕਿ ਆਪ ਦਾ ਵਾਦਾ ਤਾਂ ਆਪ ਦੀ ਆਮਦਨ ਦੇ ਪੱਖੋਂ ਪੰਜ ਹਜ਼ਾਰ ਹੋਣਾ ਚਾਹੀਦਾ ਹੈ ਇਸ'ਤੇ ਉਹ ਕਹਿਣ ਲੱਗੇ ਕਿ ਮੈਂ ਤਾਂ ਇਕ ਸਾਧਾਰਣ ਜਿਹੇ ਪ੍ਰਾਈਵੇਟ ਸਕੂਲ ਵਿੱਚ ਟੀਚਰ ਹਾਂ ਐਨ੍ਹੀ ਰਕਮ ਕਿੱਥੋਂ ਅਦਾ ਕਰਾਂਗਾ। ਬਹਿਰਹਾਲ ਉਹਨਾਂ ਨੂੰ ਕਿਹਾ ਗਿਆ ਕਿ ਰੱਬ ਤੌਫ਼ੀਕ ਵੀ ਦੇਵੇਗਾ। ਇਸ ਸਾਲ ਜੱਦ ਦੁਬਾਰਾ ਉਹਨਾਂ ਨੂੰ ਮਿਲਣ ਗਏ ਤਾਂ ਉਹ ਉਸੇ ਸਕੂਲ ਵਿੱਚ ਪ੍ਰਿੰਸੀਪਲ ਦੀ ਕੁਰਸੀ ਉਪੱਰ ਬੈਠੇ ਸਨ। ਕਹਿਣ ਲੱਗੇ ਕਿ ਚੰਦੇ ਦੇ ਸਬਬ ਰੱਬ ਨੇ ਐਨ੍ਹੀ ਬਰਕਤ ਦਿੱਤੀ ਕਿ ਮੈਂ ਇਸ ਸਕੂਲ ਨੂੰ ਖ਼ਰੀਦ ਲਿਆ ਹੈ। ਇੰਸਪੈਕਟਰ ਸਾਹਬ ਲਿਖੱਦੇ ਹਨ ਕਿ ਹੁਣ ਉਹਨਾ ਕੋਲ ਚਾਰ ਸਕੂਲ ਹਨ। ਪਹਿਲਾਂ ਉਹਨਾਂ ਦੇ ਮਕਾਨ ਦੀ ਛੱਤ ਟੀਨ ਦੀ ਹੁੰਦੀ ਸੀ ਹੁਣ ਰੱਬ ਦੀ ਮਿਹਰ ਨਾਲ ਉਹਨਾਂ ਦਾ ਘਰ ਤਿੰਨ ਮੰਜ਼ਲਾ ਬਣ ਗਿਆ ਹੈ ਜਿਸ ਵਿੱਚ ਇਕ ਮੰਜ਼ਲ ਉਹਨਾਂ ਨੇ ਜੁਮਏ ਦੀ ਨਮਾਜ਼ ਲਈ ਰੱਖੀ ਹੋਈ ਹੈ। ਇਹ ਮਿਹਰ ਕੇਵਲ ਰੱਬ ਦੇ ਮਾਰਗ ਵਿੱਚ ਖ਼ਰਚ ਕਰਨ ਕਰਕੇ ਹੈ ਇਸੇ ਦੇ ਸਬਬ ਉਹਨਾਂ ਦੇ ਇਮਾਨ ਵਿੱਚ ਵਾਧਾ ਹੋ ਰਿਹਾ ਹੈ।

ਸਦਰ ਲਜਨਾ ਕੈਨੇਡਾ ਕਹਿੰਦੀ ਹਨ ਕਿ ਇਕ ਸਭਾ ਦੇ ਦੌਰੇ ਸਮੇਂ ਇਕ ਇਸਤਰੀ ਨੇ ਦੱਸਿਆ ਕਿ ਉਹਨਾਂ ਦੀ ਬਾਰ੍ਹਾਂ ਸਾਲ ਦੀ ਬੱਚੀ ਨੂੰ ਸਕੂਲ ਵੱਲੋਂ ਅੱਸੀ ਡਾਲਰ ਦਾ ਪੁਰੁਸਕਾਰ ਮਿਲਿਆ ਜਿਸ ਤੋਂ ਉਹ ਕੁਝ ਖ਼ਰੀਦਨਾ ਚਾਹੁੰਦੀ ਸੀ ਪਰ ਸੈਕ੍ਰੇਟਰੀ ਸਾਹਬ ਵਕਫ਼ੇ ਜਦੀਦ ਦੀ ਤਹਿਰੀਕ ਉਪੱਰ ਉਸ ਨੇ ਪੁਰੁਸਕਾਰ ਦੀ ਸਾਰੀ ਰਕਮ ਚੰਦੇ ਵਿੱਚ ਦੇ ਦਿੱਤੀ। ਉਹ ਕਹਿੰਦੇ ਹਨ ਰੱਬ ਨੇ ਵੀ ਉਸ ਨੂੰ ਉਸੇ ਪ੍ਰਕਾਰ ਨਿਵਾਜ਼ਿਆ ਕਿ ਅਗਲੇ ਦਿਨ ਅਬਦੁਸੱਲਾਮ ਸਾਈਂਸ ਫ਼ੇਅਰ ਵਿੱਚ ਉਸ ਦੀ ਪਹਿਲੀ ਪੁਜ਼ੀਸ਼ਨ ਆਈ ਅਤੇ ਉਸ ਨੂੰ ਤਿੰਨ ਸੌ ਡਾਲਰ ਦਾ ਪੁਰੁਸਕਾਰ ਮਿਲ ਗਿਆ। ਇਸ ਪ੍ਰਕਾਰ ਰੱਬ ਨੇ ਉਸ ਬੱਚੀ ਦੇ ਇਮਾਨ ਤੇ ਵਿਸ਼ਵਾਸ਼ ਵਿੱਚ ਪੱਕਿਆਈ ਪ੍ਰਦਾਨ ਕੀਤੀ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅੱਜ ਕੱਲ ਇਕ ਨਵੀਂ ਗੇਮ ਸ਼ੁਰੂ ਹੋਈ ਹੈ fortnight। ਕਈ ਬੱਚੇ ਇਸ ਵਿੱਚ ਆਪਣੇ ਪੈਸੇ ਨਸ਼ਟ ਕਰਦੇ ਹਨ। ਮਾਂਪਿਆ ਨੂੰ ਅਤੇ ਖ਼ੁਦੱਾਮੁਲ ਅਹਮਦੀਆ ਤੇ ਅਤਫ਼ਲੁਲ ਅਹਮਦੀਆਂ ਦੀਆਂ ਤੰਜ਼ੀਮਾ ਨੂੰ ਵੀ ਚਾਹੀਦਾ ਹੈ ਕਿ ਇਸ ਤੋਂ ਉਹਨਾਂ ਨੂੰ ਰੋਕਣ ਕਿਉਕਿ ਇਕ ਦੇ ਬਾਦ ਇਕ ਅਗਲੇ ਸਟੈਪ ਉਪੱਰ ਜਾਣ ਲਈ ਫਿਰ ਕਾਰਡ ਲੈਂਦੇ ਹਨ ਫਿਰ ਪੈਸੇ ਖ਼ਰਚ ਕਰਦੇ ਹਨ। ਇਸ ਗੇਮ ਦੇ ਸਬਬ ਜਿਸ ਦੀ ਨਸ਼ਿਆਂ ਵਾਂਗ ਆਦਤ ਬਣ ਰਹੀ ਹੈ ਬੱਚਿਆਂ ਵਿੱਚ, ਨ ਕੇਵਲ ਉਹਨਾਂ ਦਾ ਸਮਾਂ ਨਸ਼ਟ ਹੋ ਰਿਹਾ ਹੈ ਅਤੇ ਗ਼ਲਤ ਪ੍ਰਕਾਰ ਦੀਆਂ ਸੋਚਾਂ ਪੈਦਾ ਹੋ ਰਹੀਆਂ ਹਨ ਸਗੋਂ ਕਈ ਮਾਂ ਬਾਪ ਨੂੰ ਵੀ ਨੁਕਸਾਨ ਹੋਇਆ ਹੈ। ਇਸ ਚੀਜ਼ ਤੋਂ ਬਚਣਾ ਚਾਹੀਦਾ ਹੈ ਅਤੇ ਰੱਬ ਨੇ ਜਿਸ ਵੱਲ ਧਿਆਨ ਦੁਆਇਆ ਹੈ ਕਿ ਰੱਬ ਦੇ ਮਾਰਗ ਵਿੱਚ ਖ਼ਰਚ ਕਰੋ ਇਹ ਅਹਿਸਾਸ ਬੱਚਿਆਂ ਵਿੱਚ ਪੈਦਾ ਕਰਨਾ ਚਾਹੀਦਾ ਹੈ, ਵਿਸ਼ੇਸ਼ ਰੂਪ ਵਿੱਚ ਵਕਫ਼ੇ ਜਦੀਦ ਲਈ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇੰਡੀਆ ਦੇ ਕਰਨਾਟਕ ਦੇ ਇੰਸਪੈਕਟਰ ਸਾਹਬ ਲਿਖੱਦੇ ਹਨ ਕਿ ਇਕ ਰੀਫ਼ਰੈਸ਼ਰ ਕੋਰਸ ਆਯੋਜਤ ਹੋਇਆ, ਕਹਿੰਦੇ ਹਨ ਜਿਸ ਵਿੱਚ ਮੈਂ ਨਾਇਬ ਨਾਜ਼ਿਮ ਮਾਲ ਅਤੇ ਵਕਫ਼ੇ ਜਦੀਦ ਨਾਲ ਸ਼ਾਮਲ ਹੋਇਆ। ਨਾਇਬ ਨਾਜ਼ਿਮ ਮਾਲ ਨੇ ਉੱਥੇ ਲੋਕਲ ਮੁਅਲੱਮ ਦੇ ਘਰ ਵਿੱਚ ਇਸ ਗੱਲ ਦੀ ਚਰਚਾ ਕੀਤੀ ਕਿ ਵਰਤਮਾਨ ਸਾਲ ਵਿੱਚ ਕੈਰਾਲਾ ਵਿੱਚ ਭਾਰੀ ਵਰਸ਼ਾ ਕਰਕੇ ਬਹੁਤ ਨੁਕਸਾਨ ਹੋਇਆ ਹੈ ਇਸ ਲਈ ਵਕਫ਼ੇ ਜਦੀਦ ਦੀ ਵੁਸੂਲੀ ਵਿੱਚ ਔਕੁੜਾਂ ਦਾ ਸਾਹਮਣਾ ਹੈ। ਇਸ ਦੇ ਬਾਦ ਨਾਇਬ ਨਾਜ਼ਿਮ ਮਾਲ ਨੇ ਮੁਅਲੱਮ ਸਾਹਬ ਦੇ ਘਰੋ ਜਾਂਦਿਆਂ ਹੋਇਆਂ ਉਹਨਾਂ ਦੇ ਬੱਚਿਆਂ ਨੂੰ ਤੋਹਫ਼ੇ ਦੇ ਰੂਪ ਵਿੱਚ ਸੌ ਸੌ ਰੁਪਏ ਦੇ ਦਿੱਤੇ। ਕਹਿੰਦੇ ਹਨ, ਕੁਝ ਸਮੇਂ ਬਾਦ ਜੱਦ ਦੁਬਾਰਾ ਉਸ ਜਮਾਤ ਵਿੱਚ ਦੌਰੇ ਉਪੱਰ ਗਏ ਤਾਂ ਮੁਅਲੱਮ ਸਾਹਬ ਦੇ ਬੱਚਿਆਂ ਨੇ ਉਹੋ ਸੌ ਸੌ ਰੁਪਏ ਜੋ ਉਹਨਾਂ ਨੂੰ ਤੋਹਫ਼ੇ ਦੇ ਰੂਪ ਵਿੱਚ ਮਿਲੇ ਸਨ ਚੰਦਾ ਵਕਫ਼ੇ ਜਦੀਦ ਵਿੱਚ ਦੇ ਦਿੱਤੇ ਅਤੇ ਕਹਿਣ ਲੱਗੇ ਕਿ ਕੈਰਾਲਾ ਦੇ ਹਾਲਾਤ ਵਰਖਾ ਤੇ ਹੜ੍ਹਾਂ ਕਰਕੇ ਖ਼ਰਾਬ ਹਨ ਇਸ ਲਈ ਸਾਡੇ ਵੱਲੋਂ ਇਹ ਚੰਦੇ ਦੇ

ਰੂਪ ਵਿੱਚ ਕੁਬੂਲ ਕਰ ਲੈਂਣ । ਛੋਟੀ ਉਮਰ ਦੇ ਹੁੰਦਿਆਂ ਹੋਇਆਂ ਵੀ ਉਹਨਾ ਦੇ ਮਨਾਂ ਵਿੱਚ ਚੰਦੇ ਦੀ ਮਹਤੱਾ ਬਹੁਤ ਸੀ ।

ਆਸਟ੍ਰੇਲੀਆ ਦੀ ਜਮਾਤ ਦੇ ਸਦਰ ਬਿਆਨ ਕਰਦੇ ਹਨ ਕਿ ਇਕ ਚੰਗੇ ਮਿਤੱਰ ਆਪਣਾ ਵਕਫ਼ੇ ਜਦੀਦ ਦਾ ਚੰਦਾ ਅਦਾ ਕਰ ਚੁਕੇ ਸਨ, ਉਹਨਾ ਨੂੰ ਦੁਬਾਰਾ ਵਿਸ਼ੇਸ਼ ਤਹਿਰੀਕ ਰਾਹੀਂ ਬਕਾਇਆ ਅਦਾ ਕਰਨ ਵੱਲ ਧਿਆਨ ਦੁਆਇਆ ਗਿਆ ਜਿਸ'ਤੇ ਉਹਨਾਂ ਨੇ ਇਕ ਵੱਡੀ ਰਕਮ ਅਦਾ ਕਰ ਦਿੱਤੀ । ਅਗਲੇ ਦਿਨ ਸ਼ਾਮ ਨੂੰ ਉਹਨਾ ਦਾ ਫ਼ੋਨ ਆਇਆ ਅਤੇ ਬਹੁਤ ਭਾਵਨਾਤਮਕ ਰੂਪ ਵਿੱਚ ਕਹਿਣ ਲੱਗੇ ਕਿ ਮੈਂ ਜੋ ਵਕਫ਼ੇ ਜਦੀਦ ਦਾ ਚੰਦਾ ਦਿਤੱਾ ਸੀ ਉਹ ਇਕ ਹੀ ਦਿਨ ਵਿੱਚ ਰੱਬ ਨੇ ਪੂਰਾ ਕਰ ਦਿਤੱਾ, ਕਹਿਣ ਲੱਗੇ ਕਿ ਮੈਂ ਤਿੰਨ ਸਾਲ ਤੋਂ ਇਕ ਫ਼ੂਡ ਟੇਕਅਵੇ ਚਲਾ ਰਿਹਾ ਹਾਂ ਅਤੇ ਪਿਛਲੇ ਤਿੰਨ ਸਾਲਾਂ ਤੋਂ ਇਕ ਵੀ ਦਿਨ ਅਜਿਹਾ ਨਹੀਂ ਆਇਆ ਕਿ ਐਨ੍ਹੇ ਗ੍ਰਾਹਕ ਆਏ ਹੋਣ ਜਿੰਨ੍ਹੇ ਇਸ ਵਾਰ ਚੰਦਾ ਦੇਣ ਦੇ ਬਾਦ ਆਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹੁਣ ਮੈਂ ਕੁਝ ਬਿਬਰਣ ਪੇਸ਼ ਕਰਦਾ ਹਾਂ ਰੱਬ ਦੀ ਮਿਹਰ ਨਾਲ ਵਕਫ਼ੇ ਜਦੀਦ ਦਾ ਇਕਾਹਠ ਵਾਂ ਸਾਲ 31 ਦਸੰਬਰ 2018 ਈ. ਨੂੰ ਖ਼ਤਮ ਹੋਇਆ ਸੀ, ਇਸ ਵਿੱਚ ਜਮਾਤ ਦੇ ਲੋਕਾਂ ਨੂੰ ਇਕਾਨਵੇਂ ਲੱਖ ਚੋਂਤੀ ਹਜ਼ਾਰ ਪਾਉਂਡ ਦੀ ਕੁਰਬਾਨੀ ਪੇਸ਼ ਕਰਨ ਦੀ ਤੌਫ਼ੀਕ ਮਿਲੀ । ਇਹ ਵੁਸੂਲੀ ਪਿਛਲੇ ਸਾਲ ਤੋਂ 2 ਲੱਖ ਇਕਤੱਰ ਹਜ਼ਾਰ ਪਾਉਂਡ ਵੱਧ ਹੈ । ਪਾਕਿਸਤਾਨ ਜੋ ਆਪਣੀ ਪੁਜ਼ੀਸ਼ਨ ਨੂੰ ਬਰਕਰਾਰ ਰੱਖੇ ਹੋਏ ਹੈ ਇਸ ਤੋਂ ਬਿਨਾ ਜੋ ਪਹਿਲੇ ਦੱਸ ਦੇਸ਼ ਪੁਜ਼ੀਸ਼ਨ ਵਾਲੇ ਹਨ ਉਹਨਾ ਵਿੱਚ ਬਰਤਾਨੀਆ ਨੰਬਰ ਇਕ'ਤੇ ਹੈ, ਫਿਰ ਨੰਬਰ ਦੋ'ਤੇ ਜਰਮਨੀ ਹੈ ਫਿਰ ਅਮਰੀਕਾ ਹੈ ਫਿਰ ਕੈਨੇਡਾ ਚੋਥੇ ਨੰਬਰ'ਤੇ ਹੈ ਫਿਰ ਭਾਰਤ ਹੈ ਫਿਰ ਆਸਟ੍ਰੇਲੀਆ ਹੈ ਫਿਰ ਇੰਡੋਨੇਸ਼ੀਆ ਹੈ ਫਿਰ ਮਿਡਲ ਈਸ਼ਟ ਦੀ ਇਕ ਜਮਾਤ ਹੈ ਫਿਰ ਘਾਨਾ ਹੈ ਫਿਰ ਮਿਡਲ ਈਸਟ ਦੀ ਇਕ ਜਮਾਤ ਹੈ । ਰੱਬ ਦੀ ਮਿਹਰ ਨਾਲ ਇਸ ਸਾਲ ਵਕਫ਼ੇ ਜਦੀਦ ਵਿੱਚ ਸਤਾਰ੍ਹਾਂ ਲੱਖ ਬੱਤੀ ਹਜ਼ਾਰ ਲੋਕ ਸ਼ਾਮਲ ਹੋਏ ਅਤੇ ਇਸ ਸਾਲ ਜੋ ਵਾਧਾ ਹੋਇਆ ਹੈ ਉਹ ਇਕ ਲੱਖ ਤੇਈ ਹਜ਼ਾਰ ਦਾ ਹੈ ।

ਭਾਰਤ ਦੇ ਵੁਸੂਲੀ ਦੇ ਪੱਖੋਂ ਜੋ ਸੂਬੇ ਹਨ ਉਹ ਕੇਰਾਲਾ, ਜੰਮੂ ਕਸ਼ਮੀਰ, ਕਰਨਾਟਕ, ਤੇਲੰਗਾਨਾ, ਤਾਮਿਲ ਨਾਡੂ, ਉਡੀਸ਼ਾ, ਵੈਸਟ ਬੰਗਾਲ, ਪੰਜਾਬ, ਦਿੱਲੀ, ਉਤੱਰ ਪ੍ਰਦੇਸ਼ । ਅਤੇ ਵੁਸੂਲੀ ਦੇ ਪੱਖੋਂ ਜੋ ਜਮਾਤਾਂ ਹਨ, ਹੈਦਰਾਬਾਦ ਨੰਬਰ ਇਕ'ਤੇ ਹੈ, ਕਾਦੀਆਂ ਨੰਬਰ ਦੋ'ਤੇ, ਪਿਥਾਪਰਮ, ਕਾਲੀਕਟ, ਕੋਲਕਾਤਾ, ਬੰਗਲੌਰ, ਚੇਨਈ, ਕਾਰੋਲਾਈ, ਰਿਸ਼ੀਨਗਰ ਅਤੇ ਦਿੱਲੀ । ਅਲੱਾਹ ਤਆਲਾ ਸਾਰਿਆਂ ਭਾਗ ਲੈਂਣ ਵਾਲਿਆਂ ਦੇ ਧੰਨ ਪਰਿਵਾਰ ਵਿੱਚ ਬਰਕਤਾਂ ਪ੍ਰਦਾਨ ਕਰੇ ਅਤੇ ਭਵਿੱਖ ਵਿੱਚ ਵੱਧ ਤੋਂ ਵੱਧ ਕੁਰਬਾਨੀਆਂ ਪੇਸ਼ ਕਰਨ ਦੀ ਤੌਫ਼ੀਕ ਪ੍ਰਦਾਨ ਕਰੇ ।

**Khulasa Khutba Jumma 04.01.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131